# ਸਾਹਿਤ ਅਕਾਦਮੀ ਵਲੋਂ ਸਾਹਿਤ ਮੰਚ ਪ੍ਰੋਗਰਾਮ ਦਾ ਆਯੋਜਨ

**ਚਾਰ ਲੇਖਕਾਂ ਦੁਆਰਾ ਬਹੁਭਾਸ਼ੀ ਰਚਨਾ-ਪਾਠ**

ਨਵੀਂ ਦਿੱਲੀ, 8 ਮਈ (ਮਿਸਰਦੀਪ ਭਾਟੀਆ)-ਸਾਹਿਤ ਅਕਾਦਮੀ ਵਲੋਂ ਕਰਵਾਏ ਗਏ ਸਾਹਿਤਕ ਮੰਚ ਪ੍ਰੋਗਰਾਮ ਵਿਚ ਲੇਖਕਾਂ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਇਹ ਲੇਖਕ ਸਨ- ਸੰਗਰਾਮ ਮਿਸ਼ਰਾ (ਉੜੀਆ) ਰਤਨੋਤਮਾ ਦਾਸ (ਅਸਾਮੀ), ਗੀਤਾ ਮਲਹੋਲਤਾ (ਅੰਗਰੇਜ਼ੀ) ਅਤੇ ਰਾਜਿੰਦਰ ਬਿਆਲਾ (ਪੰਜਾਬੀ)। ਸੰਗਰਾਮ ਮਿਸ਼ਰਾ ਨੇ ਪ੍ਰੋਗਰਾਮ ਦੀ ਪ੍ਰਧਾਨਗੀ ਕੀਤੀ। ਸਭ ਤੋਂ ਪਹਿਲਾਂ ਰਤਨੋਤਮਾ ਦਾਸ ਨੇ ਆਪਣੀ ਅਸਾਮੀ ਕਹਾਣੀ 'ਰਈ ਜਾਣਾ ਘੜੀ' ਦਾ ਅੰਗਰੇਜ਼ੀ ਅਨੁਵਾਦ 'ਦਿ ਵਾਚ ਆਨ ਹਰ ਰਿਸਟ' ਸੁਣਾਇਆ, ਜੋ ਕਿ ਇੱਕ ਡਾਕਟਰ ਦੇ ਮਨੋਵਿਗਿਆਨ 'ਤੇ ਆਧਾਰਿਤ ਸੀ ਕਿ ਛੋਟੀ ਕੁੜੀ ਦੀ ਦੁਰਘਟਨਾ ਨਾਲ ਉਹ ਕਿਵੇਂ ਦੁਖੀ ਹੁੰਦਾ ਹੈ, ਇਸ ਨੂੰ ਬਾਰੀਕੀ ਨਾਲ ਕਹਾਣੀ ਵਿਚ ਪੇਸ਼ ਕੀਤਾ ਗਿਆ ਸੀ। ਗੀਤਾ ਮਲਹੋਤਰਾ ਨੇ ਆਪਣੀਆਂ ਚਾਰ ਕਵਿਤਾਵਾਂ ਸੁਣਾਈਆਂ, ਜਿਨ੍ਹਾਂ ਦੇ ਸਿਰਲੇਖ ਸਨ। 'ਜੁਗਲਬੰਦੀ' 'ਲੀਲਾ ਇਜ਼ ਸਿਕਸਟੀਨ' 'ਦਿ ਸੋਲ ਡਿਸਕਵਰਜ਼ ਇਟਸ ਇੰਟਰਸਿਟੀ' ਅਤੇ 'ਟੂਵਾਰਡਜ਼ ਇਨਫਿਨੀਟੀ'। ਉਨ੍ਹਾਂ ਦੀਆਂ ਕਵਿਤਾਵਾਂ 'ਚ ਅਜੋਕੇ ਸਮਾਜ ਦੀਆਂ ਵਿਸੰਗਤੀਆਂ ਦੇ ਨਾਲ-ਨਾਲ ਕੁਦਰਤ ਦਾ ਵੀ ਸੁੰਦਰ ਚਿਤਰਣ ਸੀ। ਰਾਜਿੰਦਰ ਬਿਆਲਾ ਨੇ ਆਪਣੀਆਂ 3 ਕਵਿਤਾਵਾਂ ਪੇਸ਼ ਕੀਤੀਆਂ ਜਿਨ੍ਹਾਂ ਦੇ ਸਿਰਲੇਖ ਸਨ-'ਕਤਰਾ ਕਤਰਾ' 'ਪ੍ਰੇਮ ਦੀ ਪਹਿਲੀ ਕਵਿਤਾ', 'ਮੈਂ ਕਿਉਂ ਲਿਖਦਾ ਹਾਂ'। ਅੰਤ 'ਚ ਪ੍ਰੋਗਰਾਮ ਦੀ ਪ੍ਰਧਾਨਗੀ ਕਰ ਰਹੇ ਸੰਗਰਾਮ ਮਿਸ਼ਰਾ ਨੇ ਸਾਰੇ ਲੇਖਕਾਂ ਦੀ ਪੇਸ਼ਕਾਰੀ 'ਤੇ ਸੰਖੇਪ ਵਿਚ ਟਿੱਪਣੀਆਂ ਕੀਤੀਆਂ ਤੇ ਆਪਣੀਆਂ 2 ਕਵਿਤਾਵਾਂ ਪੇਸ਼ ਕੀਤੀਆਂ। ਉਨ੍ਹਾਂ ਨੇ ਉੜੀਆ ਭਾਸ਼ਾ ਵਿਚ ਵੀ ਕਵਿਤਾ ਪੇਸ਼ ਕੀਤੀ। ਪ੍ਰੋਗਰਾਮ ਦਾ ਸੰਚਾਲਨ ਅਕਾਦਮੀ ਦੇ ਉੱਪ ਸਕੱਤਰ ਦੇਵੇਂਦਰ ਕੁਮਾਰ ਦੇਵੇਸ਼ ਨੇ ਕੀਤਾ। ਪ੍ਰੋਗਰਾਮ 'ਚ ਵੱਖ-ਵੱਖ ਭਾਸ਼ਾਵਾਂ ਦੇ ਪ੍ਰਸਿੱਧ ਕਵੀ ਅਤੇ ਲੇਖਕਾਂ ਦੇ ਨਾਲ-ਨਾਲ ਵੱਡੀ ਗਿਣਤੀ 'ਚ ਸਾਹਿਤ ਪ੍ਰੇਮੀ ਹਾਜ਼ਰ ਸਨ।